
# ਬਾਈਬਲ ਦੀਆਂ ਘਟਨਾਵਾਂ ਦਾ ਇਕ ਮਹੱਤਵਪੂਰਨ ਨਿਰੀਖਣ


ਵੱਡੀਆਂ ਘਟਨਾਵਾਂ ਅਤੇ ਯੁੱਗਾਂ ਦੇ ਚਿੰਨ੍ਹਾਂ ਨੂੰ ਯਾਦ ਕਰਨ ਦੁਆਰਾ ਬਾਈਬਲ ਇਤਿਹਾਸ ਦੇ ਬਹਾਅ ਨੂੰ ਸਮਝੋ:




1. **ਅਰੰਭ**, *ਉਤ. 1-2* ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ; ਸਭ ਕੁਝ ਚੰਗਾ ਸੀ; ਆਦਮ ਅਤੇ ਹੱਵਾਹ, ਪਹਿਲੇ ਲੋਕ ਪਰਮੇਸ਼ੁਰ ਨਾਲ ਚੰਗੀ ਸੰਗਤੀ ਦਾ ਅਨੰਦ ਮਾਣਦੇ ਸਨ।

2. **ਅਸਲ ਪਾਪ**, *ਉਤ. 3* ਸ਼ੈਤਾਨ ਨੇ ਸੱਪ ਦਾ ਰੂਪ ਧਾਰਨ ਕਰਕੇ ਆਦਮ ਅਤੇ ਹੱਵਾਹ ਨੂੰ ਪਰਤਾਇਆ; ਉਨ੍ਹਾਂ ਨੇ ਪਾਪ ਕੀਤਾ ਅਤੇ ਸ੍ਰਿਸ਼ਟੀ ਉੱਤੇ ਸਰਾਪ ਲਿਆਂਦਾ।






3. **ਜਲ ਪਰਲੋ**, *ਉਤ. 6-9* ਮਨੁੱਖਾਂ ਵਿੱਚ ਬੁਰਾਈ ਇੰਨੀ ਵੱਧ ਗਈ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਡੋਬ ਦਿੱਤਾ, ਪਰ ਨੂਹ ਅਤੇ ਉਸਦੇ ਪਰਿਵਾਰ ਨੂੰ ਇਕ ਵੱਡੀ ਕਿਸ਼ਤੀ ਵਿੱਚ ਬਚਾ ਲਿਆ।





4. **ਬਾਬਲ ਦਾ ਉੱਚਾ ਬੁਰਜ**, *ਉਤ.11* ਮਨੁੱਖ ਬਹੁਤ ਜਿਆਦਾ ਵੱਧ ਗਏ ਅਤੇ ਘਮੰਡ ਨਾਲ ਉਨ੍ਹਾਂ ਸਵਰਗ ਤੱਕ ਬੁਰਜ ਬਣਾਉਣ ਦੀ ਕੋਸ਼ਿਸ਼ ਕੀਤੀ, ਯਹੋਵਾਹ ਨੇ ਉਨ੍ਹਾਂ ਦੀ ਬੋਲੀ ਉਲਟ ਪੁਲਟ ਕਰ ਦਿੱਤੀ ਅਤੇ ਬਹੁਤ ਸਾਰੇ ਦੇਸ਼ ਉਤਪੰਨ ਹੋ ਗਏ।



5. **ਅਬਰਾਹਾਮ ਨਾਲ ਪਰਮੇਸ਼ੁਰ ਦਾ ਇਕਰਾਰਨਾਮਾ**, *ਉਤ. 12 ਅਤੇ 15* ਅਬਰਾਹਾਮ ਨੇ ਪਰਮੇਸ਼ੁਰ ਤੇ ਵਿਸ਼ਵਾਸ ਕੀਤਾ ਕਿ ਉਹ ਉਸ ਦੇ ਵੰਸ਼ ਦੁਆਰਾ ਸਾਰੀਆਂ ਕੌਮਾਂ ਨੂੰ ਬਰਕਤ ਦੇਵੇਗਾ।


6. **ਮਿਸਰ ਵਿੱਚ ਗੁਲਾਮ**, *ਕੂਚ 1-18* ਅਬਰਾਹਾਮ ਦੇ ਵੰਸ਼ ਮਿਸਰੀ ਕਬਰਾਂ ਦੇ ਦੇਸ਼ ਨੂੰ ਚਲੇ ਗਏ; ਉਹ ਕਈ ਗੁਣਾਂ ਵੱਧ ਗਏ ਅਤੇ ਉਨ੍ਹਾਂ ਨੂੰ ਦਰਦਨਾਕ ਗੁਲਾਮੀ ਵਿੱਚ ਮਜ਼ਦੂਰੀ ਕਰਨੀ ਪਈ।






7. **ਪਸਾਹ ਦੇ ਲੇਲੇ ਦਾ ਲਹੂ**, *ਕੂਚ 12-15* ਪਰਮੇਸ਼ੁਰ ਵੱਲੋਂ ਭੇਜੀਆਂ ਗਈਆਂ ਬਵਾਵਾਂ ਨੇ ਮਿਸਰ ਦੇ ਰਾਜੇ ਨੂੰ ਗੁਲਾਮਾਂ ਨੂੰ ਅਜ਼ਾਦ ਕਰਨ ਲਈ ਮਜ਼ਬੂਰ ਕਰ ਦਿੱਤਾ। ਇਕ ਦੂਤ ਨੇ ਜਿਸ ਦਰਵਾਜ਼ੇ ਤੇ ਲਹੂ ਦਾ ਨਿਸ਼ਾਨ ਨਹੀਂ ਸੀ, ਉਸ ਘਰ ਦੇ ਸਾਰੇ ਪਹਿਲੌਠਿਆਂ ਨੂੰ ਮਾਰ ਸੁੱਟਿਆ; ਪਰਮੇਸ਼ੁਰ ਨੇ ਲਾਲ ਸਮੁੰਦਰ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ; ਗੁਲਾਮ, ਮਿਸਰ ਦੀ ਸੈਨਾ ਤੋਂ ਬਚ ਨਿਕਲੇ।

8. **ਇਸਰਾਏਲ ਦੀ ਬਿਵਸਥਾ**, *ਕੂਚ 18-20* ਪਰਮੇਸ਼ੁਰ ਨੇ ਪੱਥਰਾਂ ਦੀਆਂ ਤਖਤੀਆਂ ਉੱਤੇ ਦਸ ਹੁਕਮ ਦਿੱਤੇ, ਸੀਨਈ ਪਰਬਤ ਉੱਤੇ ਮੂਸਾ ਨੂੰ ਦਿੱਤੇ ਗਏ ਬਿਵਸਥਾ ਦੇ ਪਹਿਲੇ ਵਚਨ। ਇਸਰਾਏਲ ਨੇ ਇਨ੍ਹਾਂ ਦੀ ਉਲੰਘਣਾ ਕੀਤੀ; ਪਰਮੇਸ਼ੁਰ ਨੇ 40 ਸਾਲ ਉਨ੍ਹਾਂ ਨੂੰ ਉਜਾੜ ਵਿੱਚ ਇੱਧਰ ਉਧੱਰ ਘਟਕਣ ਦਿੱਤਾ।





9. **ਇਸਰਾਏਲ ਦੇਸ਼ ਦੀ ਜਿੱਤ**, *ਯਹੋਸ਼ੁਆ ਦੀ ਪੁਸਤਕ*। ਯਹੋਸ਼ੁਆ ਨੇ ਇਸਰਾਏਲ ਦੀ ਸੈਨਾ ਨੂੰ ਕਨਾਨ ਦੇਸ਼ ਜਿਸਦਾ ਵਾਅਦਾ ਪਰਮੇਸ਼ੁਰ ਨੇ ਅਬਰਾਹਾਮ ਦੇ ਵੰਸ਼ਾਂ, ਇਸਰਾਏਲ ਨੂੰ ਦੇਣ ਦਾ ਵਾਅਦਾ ਕੀਤਾ ਸੀ, ਉਸ ਦੀ ਜਿੱਤ ਵਿੱਚ ਅਗਵਾਈ ਕੀਤੀ।


10. **ਨਿਆਈਆਂ ਦੁਆਰਾ ਰਾਜ**, *ਨਿਆਈਆਂ*। ਜਦੋਂ ਇਸਰਾਏਲ ਨੇ ਪਰਮੇਸ਼ੁਰ ਦੀ ਬਿਵਸਥਾ ਦੀ ਅਣਆਗਿਆਕਾਰੀ ਕੀਤੀ, ਪਰਮੇਸ਼ੁਰ ਨੇ ਪਰਾਈਆਂ ਕੌਮਾਂ ਨੂੰ ਉਨ੍ਹਾਂ ਉੱਤੇ ਅੱਤਿਆਚਾਰ ਕਰਨ ਦਿੱਤਾ। ਜਦੋਂ ਉਨ੍ਹਾਂ ਤੋਬਾ ਕੀਤੀ ਅਤੇ ਪਰਮੇਸ਼ੁਰ ਦੀ ਆਗਿਆ ਮੰਨੀ, ਉਸਨੇ ਨਿਆਈਆਂ (ਯੋਧਾ ਜਿਹੜੇ ਉਸਦੀ ਬਿਵਸਥਾ ਨੂੰ ਮੰਨਦੇ ਸਨ) ਨੂੰ ਉਨ੍ਹਾਂ ਨੂੰ ਅਜ਼ਾਦ ਕਰਨ ਲਈ ਭੇਜਿਆ।





11. **ਰਾਜਿਆਂ ਦੁਆਰਾ ਰਾਜ**, *1 ਅਤੇ 2 ਸਮੂਏਲ*। ਪਹਿਲੇ ਰਾਜੇ ਸਨ: ਸਾਊਲ, ਦਾਊਦ, ਅਤੇ ਸੁਲੇਮਾਨ; ਉਨ੍ਹਾਂ ਨੇ ਇਸਰਾਏਲ ਦੇ ਦੁਸ਼ਮਣਾਂ ਨੂੰ ਹਰਾਇਆ ਅਤੇ ਖੁਸ਼ਹਾਲੀ ਲਿਆਂਦੀ। ਪਰਮੇਸ਼ੁਰ ਨੇ ਦਾਊਦ ਨਾਲ ਵਾਅਦਾ ਕੀਤਾ ਕਿ ਉਸਦਾ ਵਾਰਿਸ ਹਮੇਸ਼ਾ ਲਈ ਰਾਜ ਕਰੇਗਾ।

12. **ਸੁਲੇਮਾਨ ਰਾਜਾ ਦੀ ਹੈਕਲ**, *ਪਹਿਲਾ ਰਾਜਾ*। ਪਰਮੇਸ਼ੁਰ ਨੇ ਨਵੀਂ ਹੈਕਲ ਨੂੰ ਆਪਣੀ ਹਜ਼ੂਰੀ ਨਾਲ ਬਰਕਤ ਦਿੱਤੀ; ਜਾਜ਼ਕ ਲੋਕਾਂ ਦੇ ਪਾਪ ਮਾਫ਼ ਕਰਨ ਲਈ ਜਾਨਵਰਾਂ ਦੇ ਲਹੂ ਦੀਆਂ ਕੁਰਬਾਨੀਆਂ ਚੜਾਉਂਦੇ ਸਨ।






13. **ਵੰਡਿਆ ਹੋਇਆ ਰਾਜ**, *ਦੂਜਾ ਰਾਜਾ* 12, ਇਸਰਾਏਲ ਦੇ 12 ਗੋਤਰਾਂ ਨੇ ਵਿਵਾਦ ਕੀਤਾ। 10 ਨੇ ਉੱਤਰੀ ਇਸਰਾਏਲ ਰਾਜ ਬਣਾ ਲਿਆ। 2 ਨੇ ਦੱਖਣੀ ਯਹੂਦਾਹ ਰਾਜ ਬਣਾ ਲਿਆ। ਦੋਵੇਂ ਕਮਜ਼ੋਰ ਹੋ ਗਏ ਅਤੇ ਮੂਰਤੀਆਂ ਦੀ ਅਰਾਧਨਾ ਕਰਨ ਲੱਗੇ।

14. **ਗੁਮਾਮੀ**, *2 ਰਾਜਾ 25*, ਪਰਮੇਸ਼ੁਰ ਨੇ ਲੋਕਾਂ ਨੂੰ ਚੇਤਾਵਨੀ ਦੇਣ ਲਈ ਨਬੀਆਂ ਨੂੰ ਭੇਜਿਆ, ਪਰ ਉਨ੍ਹਾਂ ਵਿਦਰੋਹ ਕੀਤਾ, ਇਸ ਲਈ ਉਸਨੇ ਪਰਾਏ ਲੋਕਾਂ ਦੇ ਹੱਥ ਵਿੱਚ ਉਨ੍ਹਾਂ ਨੂੰ ਗੁਲਾਮ ਕਰ ਦਿੱਤਾ।






15. ਪੁਨਰ-ਨਿਰਮਾਣ, *ਅਜ਼ਰਾ*
ਪਰਮੇਸ਼ੁਰ ਦੇ ਲੋਕਾਂ ਨੇ ਤੋਬਾ ਕੀਤੀ ਅਤੇ ਉਸਨੇ ਉਨ੍ਹਾਂ ਨੂੰ ਵਾਪਸ ਲੈ ਆਂਦਾ; ਉਨ੍ਹਾਂ ਯਰੂਸ਼ਲਮ ਦੀਆਂ ਕੰਧਾਂ ਨੂੰ ਫਿਰ ਬਣਾਇਆ; ਮਲਾਕੀ ਨੇ ਇਸ ਯੁੱਗ ਵਿੱਚ ਪੁਰਾਣੇ ਨੇਮ ਦੀ ਆਖਰੀ ਪੁਸਤਕ ਲਿਖੀ।



16. **ਪਰਾਈਆਂ ਸ਼ਕਤੀਆਂ ਦੁਆਰਾ ਕਾਬੂ।** ਕਈ ਸਦੀਆਂ ਤੱਕ, ਪਰਸ਼ੀਆਂ, ਗਰੀਸ, ਸੀਰੀਆ ਅਤੇ ਰੋਮ ਸਾਮਰਾਜਾਂ ਨੇ ਇਸਰਾਏਲ ਨੂੰ ਉਨ੍ਹਾਂ ਦੇ ਰਾਜ ਅਧੀਨ ਰਹਿਣ ਅਤੇ ਬਹੁਤ ਜਿਆਦਾ ਚੁੰਗੀ ਅਦਾ ਕਰਨ ਲਈ ਮਜ਼ਬੂਰ ਕੀਤਾ। ਇਸ ਯੁੱਗ ਵਿੱਚ ਬਾਈਬਲ ਦੀ ਕੋਈ ਪੁਸਤਕ ਨਹੀਂ ਲਿਖੀ ਗਈ।



17. **ਯਿਸੂ ਦਾ ਜਨਮ ਅਤੇ ਜੀਵਨ**, *ਲੂਕਾ*। ਯਿਸੂ ਨੇ ਸ਼ੈਤਾਨ, ਪਾਪ ਅਤੇ ਬਿਮਾਰੀ ਉੱਤੇ ਜਿੱਤ ਪਾਈ; ਉਸਨੇ ਆਪਣੇ ਚੇਲਿਆਂ ਨੂੰ ਮਨੁੱਖਾਂ ਦਾ ਸ਼ਿਕਾਰ ਕਰਨ ਲਈ ਕਿਹਾ; ਉਸਨੇ ਆਤਮਿਕ ਰਾਜ ਸ਼ੁਰੂ ਕੀਤਾ ਅਤੇ ਰੋਮ ਨੂੰ ਰਾਜਨੀਤਿਕ ਤੌਰ ਤੇ ਕਾਬੂ ਪਾਉਣ ਦਿੱਤਾ।



18. **ਸਲੀਬੀ ਮੌਤ**, *ਲੂਕਾ 23*, ਧਾਰਮਿਕ ਆਗੂਆਂ ਨੇ ਯਿਸੂ ਨੂੰ ਕੁਫਰ ਬਕਣ ਕਾਰਨ ਗ੍ਰਿਫਤਾਰ ਕਰ ਲਿਆ ਕਿਉਂਕਿ ਉਸਨੇ ਕਿਹਾ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ; ਰੋਮੀ ਸਿਪਾਹੀਆਂ ਨੇ ਉਸ ਨੂੰ ਮਾਰ ਦਿੱਤਾ; ਉਹ ਸਾਡੇ ਪਾਪਾਂ ਲਈ ਮਾਰਿਆ ਅਤੇ ਦਫਨਾਇਆ ਗਿਆ।



19. **ਜੀ ਉੱਠਣਾ**, *ਲੂਕਾ 24,* ਯਿਸੂ ਤੀਜ਼ੇ ਦਿਨ ਮੁਰਦਿਆਂ ਵਿੱਚੋਂ ਜੀ ਉੱਠਿਆ; ਨਵੇਂ ਨੇਮ ਦੇ ਯੁੱਗ ਦੀ ਸ਼ੁਰੂਆਤ ਕਰਦਿਆਂ ਉਸਨੇ ਉਹ ਸਾਰੇ ਲੋਕਾਂ ਨੂੰ ਮੁਰਦਿਆਂ ਵਿੱਚੋਂ ਜਿਵਾਉਣ ਦਾ ਵਾਅਦਾ ਕੀਤਾ ਜਿਹੜੇ ਤੋਬਾ ਕਰਦੇ ਅਤੇ ਉਸ ਉੱਤੇ ਭਰੋਸਾ ਕਰਦੇ ਹਨ।




20. **ਪਵਿੱਤਰ ਆਤਮਾ ਦਾ ਆਉਣਾ**, *ਰਸੂਲਾਂ ਦੇ ਕਰਤੱਬ 2,* ਯਿਸੂ ਪਰਮੇਸ਼ੁਰ ਕੋਲ ਵਾਪਸ ਚਲਾ ਗਿਆ ਅਤੇ ਉਸਨੇ ਪਵਿੱਤਰ ਆਤਮਾ ਨੂੰ ਸਾਡੇ ਅੰਦਰ ਵਾਸ ਕਰਨ ਲਈ ਭੇਜਿਆ। ਵਿਸ਼ਵਾਸੀ ਜਿਨ੍ਹਾਂ ਨੇ ਪੰਤੇਕੁਸਤ ਦੇ ਦਿਨ ਆਤਮਾ ਪਾਇਆ ਉਨ੍ਹਾਂ ਆਪਣੇ ਸਿਰਾਂ ਤੇ ਛੋਟੀਆਂ ਛੋਟੀਆਂ ਲਾਟਾਂ ਵੇਖੀਆਂ।



21. **ਵਿਸ਼ਵਾਸ ਫੈਲਾਉਣਾ**, *ਰਸੂਲਾਂ ਦੇ ਕਰਤੱਬ*। ਆਤਮਾ ਨਾਲ ਭਰਪੂਰ ਹੋ ਕੇ, ਵਿਸ਼ਵਾਸੀਆਂ ਨੇ ਖੁਸ਼ਖਬਰੀ ਫੈਲਾਈ; ਇਹ ਬੀਜ ਦੀ ਤਰ੍ਹਾਂ ਵੱਧਦੀ ਗਈ, ਜਿਵੇਂ ਯਿਸੂ ਨੇ ਕਿਹਾ ਸੀ ਹੋਵੇਗਾ। ਇਸ ਯੁੱਗ ਦੇ ਦੌਰਾਨ ਯੂਹੰਨਾ ਨੇ ਬਾਈਬਲ ਦੀ ਆਖਰੀ ਪੁਸਤਕ, ਪਰਕਾਸ਼ ਦੀ ਪੋਥੀ ਲਿਖੀ। ਬਹੁਤ ਸਾਰੇ ਵਿਸ਼ਵਾਸੀ ਸ਼ਹੀਦ ਹੋ ਕੇ ਮਰੇ।


## ਬਾਈਬਲ ਦੀਆਂ ਸਾਰੀਆਂ ਪੁਸਤਕਾਂ ਲਿਖੇ ਜਾਣ ਦੇ ਬਾਅਦ ਹੋਈਆਂ ਇਤਿਹਾਸਿਕ ਘਟਨਾਵਾਂ



22. **ਕਲੀਸਿਯਾ ਅਤੇ ਰਾਜ ਦਾ ਇਕ ਹੋਣਾ**, (*311 ਈਸਵੀ*)। ਰੋਮੀ ਸਮਰਾਟ ਕੌਨਸਟਨਟਾਈਨ ਨੇ ਮਸੀਹਤ ਨੂੰ ਪਰਮਾਣਤ ਕੀਤਾ; ਪਰਾਈਆਂ ਕੌਮਾਂ ਦੇ ਲੋਕ ਸੱਚੇ ਵਿਸ਼ਵਾਸ ਬਿਨ੍ਹਾਂ ਕਲੀਸਿਯਾ ਵਿੱਚ ਆਏ।



23. **ਮਸੀਹੀ ਸਿਧਾਂਤ**। ਝੂਠੀ ਸਿੱਖਿਆ ਦਾ ਸਾਹਮਣਾ ਕਰਦੇ, ਵਿਸ਼ਵਾਸੀਆਂ ਨੇ ਵਿਸ਼ਵਾਸ ਲਿਖੇ ਜਿਸ ਤੇ ਉਹ ਸਹਿਮਤ ਸਨ। *ਰਸੂਲਾਂ ਦੇ ਸਿਧਾਂਤਾਂ* ਨੇ ਮੂਲ ਖੁਸ਼ਖਬਰੀ ਪਰਿਭਾਸ਼ਿਤ ਕੀਤੀ; ਮਸੀਹੀ ਸਿਧਾਂਤਾਂ ਨੇ ਤ੍ਰੀਏਕਤਾ (ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ) ਦੀ ਪੁਸ਼ਟੀ ਕੀਤੀ।



24. **ਰੋਮ ਸਾਮਰਾਜ ਦਾ ਪਤਨ**, (*ਛੇਵੀਂ ਅਤੇ ਸੱਤਵੀਂ ਸਦੀ*)। ਭ੍ਰਿਸ਼ਟਾਚਾਰ, ਅਨੇਕਤਾ ਅਤੇ ਬੁਰੀ ਹਕੂਮਤ ਨੇ ਸਾਮਰਾਜ ਨੂੰ ਅੰਦਰੋਂ ਟੁਕੜੇ ਟੁਕੜੇ ਕਰ ਦਿੱਤਾ; ਇਸਨੇ ਆਪਣੀ ਸ਼ਕਤੀ ਨੂੰ ਗੁਆ ਦਿੱਤਾ ਅਤੇ ਇਹ ਖ਼ਤਮ ਹੋ ਗਿਆ।



25. **ਰੋਮੀ ਬਿਸ਼ਪ ਦਾ ਉੱਠਣਾ**। ਰੋਮ ਦੀ ਕਲੀਸਿਆ ਨੇ ਸਾਰੇ ਕਲੀਸਿਯਾ ਅਧਿਕਾਰੀਆਂ ਉੱਤੇ ਆਪਣੇ ਇਖ਼ਤਿਆਰ ਦਾ ਦਾਅਵਾ ਕੀਤਾ ਅਤੇ *ਰੋਮਨ ਕੈਥੋਲਿਕ* ਚਰਚ ਸਥਾਪਿਤ ਕੀਤਾ; ਪੂਰਬੀ ਕੱਟੜਪੰਥੀ ਕਲੀਸਿਯਾਵਾਂ ਨੇ ਇਸ ਇਖ਼ਤਿਆਰ ਦਾ ਵਿਰੋਧ ਕੀਤਾ।



26. **ਅੰਧਕਾਰ ਯੁੱਗ** (*600-1000 ਈਸਵੀ*)। ਪੜ੍ਹਾਈ ਘੱਟ ਗਈ; ਲੋਕ ਪਰਮੇਸ਼ੁਰ ਦਾ ਵਚਨ ਨਹੀਂ ਪੜ੍ਹਦੇ ਸਨ ਅਤੇ ਉਨ੍ਹਾਂ ਦੇ ਆਗੂਆਂ ਨੇ ਉਨ੍ਹਾਂ ਨੂੰ ਕੰਮਾਂ ਦੁਆਰਾ ਮੁਕਤੀ ਬਾਰੇ ਸਿਖਾਇਆ; ਈਸਾਈ ਮੱਠਾਂ ਨੂੰ ਛੱਡ ਕੇ, ਸਾਰੇ ਯੂਰਪ ਵਿੱਚ ਮਸੀਹਤ ਠੰਡੀ ਪੈ ਗਈ, ਪਰ ਇਹ ਏਸ਼ੀਆ ਵਿੱਚ ਫੈਲੀ।



27. **ਇਸਲਾਮ ਵਿਰੁੱਧ ਮਸੀਹੀ ਜਹਾਦ।** ਯੂਰਪ ਦੀ ਸੈਨਾ ਨੇ ਮੁਸਲਮਾਨੀ ਹਮਲਾਵਰਾਂ ਦੁਆਰਾ ਪਵਿੱਤਰ ਸ਼ਹਿਰ (ਇਸਰਾਏਲ) ਅਤੇ ਹੋਰ ਦੇਸ਼ਾਂ ਉੱਤੇ ਫਿਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ।




28. **ਪਰੋਟੈਸਟੈਂਟ ਸੁਧਾਰ** (*1500*)। ਮਾਰਟਿਨ ਲੂਥਰ ਅਤੇ ਹੋਰਨਾ ਨੇ ਬਾਈਬਲ ਦਾ ਅਨੁਵਾਦ ਆਮ ਭਾਸ਼ਾਵਾਂ ਵਿੱਚ ਕੀਤਾ, ਨਿਹਚਾ ਦੁਆਰਾ ਮੁਕਤੀ ਬਾਰੇ ਸਿਖਾਇਆ ਅਤੇ ਰੋਮਨ ਕੈਥੋਲਿਕ ਪੋਪ ਦਾ ਵਿਰੋਧ ਕੀਤਾ।



29. **ਪ੍ਰਚਾਰ ਸਬੰਧੀ ਜਾਗ੍ਰਿਤੀ** (*1600-1900*)। ਪ੍ਰਚਾਰਕਾਂ ਨੇ ਲੋਕਾਂ ਨੂੰ ਯਿਸੂ ਨੂੰ ਆਪਣੇ ਦਿਲਾਂ ਵਿੱਚ ਗ੍ਰਹਿਣ ਕਰਨ ਅਤੇ ਪਵਿੱਤਰ ਆਤਮਾ ਨੂੰ ਉਨ੍ਹਾਂ ਦੇ ਜੀਵਨ ਬਦਲਣ ਅਤੇ ਨਵਾਂ ਜਨਮ ਪਾਉਣ ਦੀ ਬੇਨਤੀ ਕੀਤੀ।



30. **ਵਿਸ਼ਵਾਸ ਦਾ ਵਿਆਪਕ ਵਿਸਤਾਰ** (*1900 ਤੋਂ ਵਰਤਮਾਨ ਤੱਕ*)।
ਪ੍ਰਚਾਰਕ ਧਰਤੀ ਦੇ ਲਗਭਗ ਹਰ ਹਿੱਸੇ ਤੇ ਮਸੀਹੀ ਵਿਸ਼ਵਾਸ ਨੂੰ ਲੈ ਕੇ ਜਾਂਦੇ ਹਨ।



31. **ਯਿਸੂ ਦਾ ਵਾਪਸ ਆਉਣਾ** *ਪਹਿਲਾਂ ਹੀ ਦੱਸਿਆ ਗਿਆ, ਲੂਕਾ 21; ਪਰਕਾਸ਼ ਦੀ ਪੋਥੀ*। ਸਵਰਗੀ ਤੁਰ੍ਹੀ ਫੂਕੀ ਜਾਵੇਗੀ; ਯਿਸੂ ਵਿਦਰੋਹੀਆਂ ਨੂੰ ਸਜ਼ਾ ਦੇਣ ਲਈ ਧਰਤੀ ਤੇ ਕਸ਼ਟ ਭੇਜੇਗਾ, ਸ਼ੈਤਾਨ ਨੂੰ ਨਾਸ ਕਰੇਗਾ ਅਤੇ ਮੁਰਦਿਆਂ ਨੂੰ ਜਿੰਦਾ ਕਰੇਗਾ, ਕੁਝ ਨੂੰ ਸਦੀਪਕ ਜੀਵਨ ਦੇਵੇਗਾ ਅਤੇ ਬਾਕੀਆਂ ਦਾ ਨਿਆਂ ਕਰੇਗਾ।

## ਇੰਨ੍ਹਾਂ ਘਟਨਾਵਾਂ ਨੂੰ ਦੁਹਰਾਉਂਦੇ ਰਹੋ।

ਜਿੰਨੀ ਦੇਰ ਤੱਕ ਤੁਸੀਂ ਯਾਦ ਕਰਕੇ ਸੂਚੀ ਨਾ ਪੜ੍ਹ ਸਕੋ, ਚਿੰਨ੍ਹਾਂ ਨੂੰ ਅਤੇ ਇਤਹਾਸ ਦੇ ਬਹਾਅ ਨੂੰ ਯਾਦ ਕਰਨ ਦਾ ਅਭਿਆਸ ਕਰਦੇ ਰਹੋ, ਕਿਵੇਂ ਇਕ ਘਟਨਾ ਤੋਂ ਬਾਅਦ ਅਗਲੀ ਘਟਨਾ ਹੋਈ। ਤੁਸੀਂ ਸਾਰੀ ਬਾਈਬਲ ਨੂੰ ਇਕੋ ਕਹਾਣੀ ਦੇ ਰੂਪ ਵਿੱਚ ਵੇਖੋਗੇ। ਉਨ੍ਹਾਂ ਲੋਕਾਂ ਦੀ ਵੀ ਇਹ ਇਤਿਹਾਸ ਦੇ ਸਾਰਾਂਸ ਨੂੰ ਸਿੱਖਣ ਵਿੱਚ ਮਦਦ ਕਰੋ, ਜਿੰਨਾਂ ਨੂੰ ਤੁਸੀਂ ਸਿੱਖਿਆ ਦੇਂਦੇ ਹੋ।

ਜਦੋਂ ਤੁਹਾਨੂੰ ਘਟਨਾ ਯਾਦ ਆਵੇ, ਜਿਹੜੀ ਇਸਦਾ ਅਰਥ ਪ੍ਰਗਟ ਕਰੇ ਤਾਂ ਹੇਠ ਦਿੱਤੀ ਗਈ ਸੂਚੀ ਦੀ ਇਕ ਗੱਲ ਤੇ ਨਿਸ਼ਾਨ ਲਗਾਓ:

| | | | |
|---|---|---|---|
| 1. ਸੂਰਜ, ਚੰਦਰਮਾ | 9. ਤਲਵਾਰ | 17. ਮੱਛੀ | 25. ਬਿਸ਼ਪ ਦਾ ਟੋਪ |
| 2. ਸੱਪ | 10. ਲਵੇਟਣ ਵਾਲੀ ਪੱਤ੍ਰੀ, ਤਲਵਾਰ | 18. ਸਲੀਬ | 26. ਨਾ ਜਗਦੀ ਹੋਈ ਮੋਮਬੱਤੀ |
| 3. ਵੱਡੀ ਕਿਸ਼ਤੀ | 11. ਮੁਕਟ | 19. ਖੁੱਲੀ ਕਬਰ | 27. ਘੋੜੇ ਵਾਲਾ ਯੋਧਾ |
| 4. ਉੱਚਾ ਬੁਰਜ | 12. ਵੱਡੇ ਵਿਭਾਗ | 20. ਅੱਗ ਦੀਆਂ ਲਾਟਾਂ | 28. ਖੁੱਲੀ ਹੋਈ ਬਾਈਬਲ |
| 5. ਹੱਥ ਮਿਲਾਉਣਾ | 13. ਰੁਕਾਵਟਾਂ | 21. ਬੀਜ ਵਾਲਾ ਬੀ | 30. ਧਰਤ ਗੋਲਾ |
| 6. ਮਿਨਾਰ | 14. ਪਾਟਿਆ ਮੁਕਟ | 22. ਤਲਵਾਰ, ਬਾਈਬਲ | 31. ਤੁਹਰੀ |
| 7. ਲਹੂ, ਦਰਵਾਜ਼ਾ | 15. ਤਬਾਹ ਸ਼ਹਿਰ | 23. ਲਵੇਟਵੀਂ ਪੱਤ੍ਰੀ ਅਤੇ ਪੈਨ | |
| 8. ਪੱਥਰ ਦੀਆਂ ਤੱਖਤੀਆਂ | 16. ਕੋਰੜਾ | 24. ਟੁੱਟੀ ਤਲਵਾਰ | |

Copyright 2004 © by Paul-Timothy. May be freely copied. Download from www.Paul-Timothy.net